THE SIKHCOALITION

# Know Your Rights: Immigration

***Please note: The Sikh Coalition does not provide direct legal services on individual immigration or asylum cases. This information is not intended as legal advice. If you need specific and immediate legal aid, contact www.sikhcoalition.org/legal-help***

## Key Information

- Always **ask anyone claiming to be from law enforcement for their identification.** If they do not have identification, you do not have to speak to them.
- You never have to talk to ICE agents about your immigration status or the immigration status of others. Even if they attempt to bully or scare you, **you have the right to remain silent**.
- Showing **an official document or a picture of an official document** (a U.S. passport, a green card, or visa paperwork) is the quickest way to end a conversation with an ICE agent. Do not show ICE agents passports from foreign governments.
- If you are detained by ICE, **you have the right to an attorney—but you must find your own.** The Sikh Coalition can help you find an attorney.
- ICE needs **a judicial warrant signed by a judge** to enter a home or business. You can ask ICE for a warrant through a door or window; if they do not have a warrant signed by a judge and you do not let them in, they cannot enter.
- The rules around how **and when ICE can enter a gurdwara** are complex. Visit our website for immigration guidance for gurdwarae.

## Additional Resources Available

- **Know Your Rights**: Immigration
- **Know Your Rights**: Guidance for Gurdwarae
- **Community FAQ**: Green Card Holders' Rights
- **Community FAQ**: New USCIS Registration Requirements for Non-Citizens

bitly

**View all these resources in English and Punjabi, and in printable forms, at thesikh.co/immigration.**

# ਆਪਣੇ ਹੱਕਾਂ ਨੂੰ ਜਾਣੋ: ਇਮੀਗ੍ਰੇਸ਼ਨ

THE SIKHCOALITION

**ਕਿਰਪਾ ਕਰਕੇ ਧਿਆਨ ਦਿਓ: ਸਿੱਖ ਕੋਲੀਸ਼ਨ ਵੱਲੋਂ ਵਿਅਕਤੀਗਤ ਇਮੀਗ੍ਰੇਸ਼ਨ ਜਾਂ ਅਸਾਇਲਮ ਮਾਮਲਿਆਂ ਵਿੱਚ ਸਿੱਧੀਆਂ ਕਾਨੂੰਨੀ ਸੇਵਾਵਾਂ ਨਹੀਂ ਦਿੱਤੀਆਂ ਜਾਂਦੀਆਂ। ਇਹ ਜਾਣਕਾਰੀ ਕਾਨੂੰਨੀ ਸਲਾਹ ਵਜੋਂ ਨਹੀਂ ਦਿੱਤੀ ਗਈ। ਜੇ ਤੁਹਾਨੂੰ ਖਾਸ ਅਤੇ ਤੁਰੰਤ ਕਾਨੂੰਨੀ ਮਦਦ ਦੀ ਲੋੜ ਹੈ, ਤਾਂ ਸਿੱਖ ਕੋਲੀਸ਼ਨ ਨਾਲ ਸੰਪਰਕ ਕਰੋ:** www.sikhcoalition.org/legal-help

## ਮੁੱਖ ਜਾਣਕਾਰੀ

- **ਜੇ ਕੋਈ ਵਿਅਕਤੀ ਆਪਣੇ ਆਪ ਨੂੰ ਕਿਸੇ ਵੀ ਕਾਨੂੰਨੀ ਏਜੰਸੀ ਦਾ ਮੈਂਬਰ ਦੱਸੇ, ਤੁਸੀਂ ਹਮੇਸ਼ਾ ਉਸਦੀ ਪਛਾਣ ਦੀ ਮੰਗ ਕਰੋ।** ਜੇਕਰ ਉਨ੍ਹਾਂ ਕੋਲ ਪਛਾਣ ਕਾਰਡ ਨਹੀਂ ਹੈ, ਤਾਂ ਤੁਹਾਨੂੰ ਉਨ੍ਹਾਂ ਨਾਲ ਗੱਲ ਕਰਣ ਦੀ ਲੋੜ ਨਹੀਂ ਹੈ।
- ਤੁਹਾਨੂੰ ਆਪਣੀ ਇਮੀਗ੍ਰੇਸ਼ਨ ਸੰਬੰਧੀ ਸਥਿਤੀ ਜਾਂ ਸੰਗਤ ਵਿੱਚ ਕਿਸੇ ਹੋਰ ਦੇ ਇਮੀਗ੍ਰੇਸ਼ਨ ਦਰਜੇ ਬਾਰੇ ਆਇਸ ਏਜੰਟਾਂ ਨਾਲ ਗੱਲ ਕਰਣ ਦੀ ਲੋੜ ਨਹੀਂ ਹੈ। ਜੇਕਰ ਆਇਸ ਏਜੰਟ ਤੁਹਾਨੂੰ ਡਰਾਉਣ ਜਾਂ ਧਮਕਾਉਣ ਦੀ ਕੋਸ਼ਿਸ਼ ਕਰਣ, **ਤਾਂ ਵੀ ਤੁਹਾਨੂੰ ਚੁੱਪ ਰਹਿਣ ਦਾ ਅਧਿਕਾਰ ਹੈ।**
- ਆਇਸ ਏਜੰਟ ਨਾਲ ਗੱਲਬਾਤ ਤੁਰੰਤ ਖਤਮ ਕਰਣ ਲਈ ਤੁਸੀਂ **ਉਨ੍ਹਾਂ ਨੂੰ ਸਰਕਾਰੀ ਦਸਤਾਵੇਜ਼ ਦਿਖਾਓ** (ਜਿਵੇਂ ਕਿ ਅਮਰੀਕੀ ਪਾਸਪੋਰਟ, ਗ੍ਰੀਨ ਕਾਰਡ, ਵੀਜ਼ਾ ਦਸਤਾਵੇਜ਼) **ਜਾਂ ਇਹਨਾਂ ਕਾਗਜ਼ਾਂ ਦੀ ਫੋਟੋ ਦਿਖਾਓ।** ਕਦੇ ਵੀ ਆਇਸ ਏਜੰਟਾਂ ਨੂੰ ਵਿਦੇਸ਼ੀ ਸਰਕਾਰਾਂ ਦੇ ਪਾਸਪੋਰਟ ਨਾ ਦਿਖਾਓ।
- ਜੇਕਰ ਆਇਸ ਤੁਹਾਨੂੰ ਹਿਰਾਸਤ ਵਿੱਚ ਲੈਂਦੀ ਹੈ, **ਤਾਂ ਤੁਹਾਨੂੰ ਵਕੀਲ ਕਰਣ ਦਾ ਅਧਿਕਾਰ ਹੈ—ਪਰ ਆਪਣਾ ਵਕੀਲ ਤੁਹਾਨੂੰ ਆਪ ਲੱਭਣਾ ਪਵੇਗਾ।** ਸਿੱਖ ਕੋਲੀਸ਼ਨ ਦੀ ਟੀਮ ਤੁਹਾਨੂੰ ਵਕੀਲ ਲੱਭਣ ਵਿੱਚ ਮਦਦ ਕਰ ਸਕਦੀ ਹੈ।
- ਆਇਸ ਨੂੰ ਤੁਹਾਡੇ ਘਰ ਜਾਂ ਕਾਰੋਬਾਰ ਵਰਗੀ ਨਿੱਜੀ ਥਾਂ ਵਿੱਚ ਦਾਖਲ ਹੋਣ ਲਈ **'ਜੁਡੀਸ਼ਲ ਵਾਰੰਟ' ਦੀ ਲੋੜ ਹੈ।** ਤੁਸੀਂ ਆਇਸ ਤੋਂ ਵਾਰੰਟ ਦਰਵਾਜ਼ੇ ਜਾਂ ਖਿੜਕੀ ਰਾਹੀਂ ਮੰਗ ਸਕਦੇ ਹੋ। ਜੇਕਰ ਉਨ੍ਹਾਂ ਕੋਲ ਵਾਰੰਟ ਨਹੀਂ ਹੈ ਅਤੇ ਤੁਸੀਂ ਉਨ੍ਹਾਂ ਨੂੰ ਅੰਦਰ ਆਉਣ ਦੀ ਇਜਾਜ਼ਤ ਨਹੀਂ ਦਿੰਦੇ, ਤਾਂ ਉਹ ਅੰਦਰ ਨਹੀਂ ਆ ਸਕਦੇ।
- ਗੁਰਦੁਆਰੇ ਵਿੱਚ ਆਈਸ **ਕਦੋਂ ਅਤੇ ਕਿਵੇਂ ਦਾਖ਼ਲ ਹੋ ਸਕਦੀ ਹੈ**, ਇਸ ਬਾਰੇ ਨਿਯਮ ਕਾਫ਼ੀ ਗੁੰਝਲਦਾਰ ਹਨ। ਗੁਰਦੁਆਰਿਆਂ ਲਈ ਇਮੀਗ੍ਰੇਸ਼ਨ ਸਲਾਹ ਸਾਡੀ ਵੈਬਸਾਈਟ 'ਤੇ ਉਪਲਬਧ ਹੈ।

## ਹੋਰ ਉਪਲਬਧ ਸਰੋਤ

- **ਆਪਣੇ ਹੱਕਾਂ ਨੂੰ ਜਾਣੋ**: ਇਮੀਗ੍ਰੇਸ਼ਨ
- **ਆਪਣੇ ਹੱਕਾਂ ਨੂੰ ਜਾਣੋ**: ਗੁਰਦੁਆਰਾ ਸਾਹਿਬਾਨ ਲਈ ਜਾਣਕਾਰੀ
- **ਭਾਈਚਾਰੇ ਨਾਲ ਸੰਬੰਧਤ ਸਵਾਲ-ਜਵਾਬ**: ਗਰੀਨ ਕਾਰਡ ਹੋਲਡਰ ਦੇ ਹੱਕ
- **ਭਾਈਚਾਰੇ ਨਾਲ ਸੰਬੰਧਤ ਸਵਾਲ-ਜਵਾਬ**: ਗੈਰ-ਨਾਗਰਿਕਾਂ ਲਈ ਨਵੀਆਂ USCIS ਰਜਿਸਟ੍ਰੇਸ਼ਨ ਲੋੜਾਂ

**ਇਹ ਸਾਰੇ ਸਰੋਤ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਅਤੇ ਛਪਣਯੋਗ ਰੂਪਾਂ ਵਿੱਚ ਵੇਖੋ:** thesikh.co/immigration.

bitly